ਅੱਜ ਦੀ ਆਵਾਜ਼

ਵਿਸਾਖੀ ’ਤੇ ਜਾਵੇਗਾ ਸਿੱਖ ਤੀਰਥ ਯਾਤਰੀਆਂ ਦਾ ਜੱਥਾ ਪਾਕਿਸਤਾਨ

ਚੰਡੀਗੜ੍ਹ, 21 ਫ਼ਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਵਿਸਾਖੀ ਮਨਾਉਣ ਲਈ ਸਿੱਖ ਤੀਰਥ ਯਾਤਰੀਆਂ ਦਾ ਇੱਕ ਵੱਡਾ ਜੱਥਾ ਆਉਣ ਵਾਲੀ 10 ਅਪ੍ਰੈਲ ਨੂੰ ਪਾਕਿਸਤਾਨ ਜਾਵੇਗਾ। ਇਹ ਜਾਣਕਾਰੀ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਦੇ ਕੌਮੀ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੇ ਸਾਡੇ ਪ੍ਰਤੀਨਿਧ ਨੂੰ ਫਿਰੋਜ਼ਪੁਰ ਤੋਂ ਟੈਲੀਫੋਨ ’ਤੇ ਦਿੱਤੀ। ਉਹਨਾਂ ਕਿਹਾ ਕਿ ਇਹ ਜੱਥਾ 10 ਅਪ੍ਰੈਲ ਨੂੰ ਅਟਾਰੀ ਰੇਲਵੇ ਸਟੇਸ਼ਨ ਰਾਹੀਂ ਵਿਸ਼ੇਸ਼ ਗੱਡੀਆਂ ਰਾਹੀਂ ਨਨਕਾਣਾ ਸਾਹਿਬ ਪਹੁੰਚੇਗਾ ਜਿਸ ਵਿੱਚ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਦੇ 700 ਸ਼ਰਧਾਲੂਆਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲੜਾ ਕਮੇਟੀ, ਨਨਕਾਣਾ ਸਾਹਿਬ ਸਿੱਖ ਯਾਤਰੀ ਜੱਥਾ ਅਤੇ ਹੋਰ ਸਿੱਖ ਸੰਗਠਨਾਂ ਦੇ ਸ਼ਰਧਾਲੂ ਸ਼ਾਮਲ ਹੋਣਗੇ। ਉਹਨਾਂ ਕਿਹਾ ਕਿ ਇਹ ਸਿੱਖ ਤੀਰਥ ਯਾਤਰੀਆਂ ਦਾ ਜੱਥਾ ਪਾਕਿਸਤਾਨ ਸਥਿਤ ਗੁਰਧਾਮਾਂ ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਡੇਰਾ ਸੱਚਾ ਸੌਦਾ ਫਰੂਖਾਬਾਦ, ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਰੋਹੜੀ ਸਾਹਿਬ, ਗੁਰਦੁਆਰਾ ਡੇਰਾ ਸਾਹਿਬ ਲਾਹੌਰ, ਗੁਰਦੁਆਰਾ ਐਮਨਾਬਾਦ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਅਤੇ ਹੋਰਨਾਂ ਗੁਰਧਾਮਾਂ ਦੇ ਦਰਸ਼ਨ ਕਰਕੇ 19 ਅਪ੍ਰੈਲ ਨੂੰ ਭਾਰਤ ਵਾਪਸ ਪਰਤੇਗਾ। ਸ੍ਰੀ ਭੁੱਲਰ ਨੇ ਕਿਹਾ ਕਿ ਉਪਰੋਕਤ ਸਿੱਖ ਸੰਗਠਨਾਂ ਵੱਲੋਂ ਇੱਕ ਸਾਲ ਵਿੱਚ 5 ਜੱਥੇ ਪਾਕਿਸਤਾਨ ਭੇਜੇ ਜਾਂਦੇ ਹਨ। ਪਹਿਲਾ ਜੱਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਵਸ ’ਤੇ, ਦੂਜਾ ਸ਼ਾਕਾ ਨਨਕਾਣਾ ਸਾਹਿਬ ਸ਼ਹੀਦੀ ਦਿਵਸ ’ਤੇ, ਤੀਜਾ ਵਿਸਾਖੀ ’ਤੇ, ਚੌਥਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ’ਤੇ ਅਤੇ ਪੰਜਵਾਂ ਜੱਥਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਭੇਜਿਆ ਜਾਂਦਾ ਹੈ।

ਭੋਗਪੁਰ ’ਚ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਬੱਚੇ ਦਾ ਇਲਾਜ ਨਹੀਂ ਹੋ ਰਿਹਾ

ਭੋਗਪੁਰ, 21 ਫਰਵਰੀ (ਹਰਨਾਮ ਸਿੰਘ ਮਿਨਹਾਸ)-ਭੋਗਪੁਰ ਕੁਝ ਦਿਨ ਪਹਿਲਾਂ ਸੜਕ ਹਾਦਸੇ ਵਿੱਚ ਜ਼ਖਮੀ ਹੋਏ ਮਾਸੂਮ ਬੱਚਾ ਜਿਸ ਦਾ ਨਾਮ ਜਸਕਰਨ ਸਿੰਘ ਉੱਪਰ ਤਕਰੀਬਨ 7-8 ਸਾਲ ਹੈ, ਨੂੰ ਸਿਵਲ ਹਸਪਤਾਲ ਜਲੰਧਰ ਇਲਾਜ ਲਈ ਦਾਖਲ ਕਰਵਾਇਆ ਸੀ, ਪਿਛਲੇ ਦਿਨੀਂ ਹਸਪਤਾਲ ਤੋਂ ਉਸ ਦੇ ਇਲਾਜ ਨਾ ਹੋਣ ਕਾਰਨ ਛੁੱਟੀ ਦੇ ਦਿੱਤੀ ਗਈ। ਹਸਪਤਾਲ ਦੇ ਸੂਤਰਾਂ ਅਨੁਸਾਰ ਇਸ ਬੱਚੇ ਦਾ ਇਲਾਜ ਪੀ.ਜੀ.ਆਈ. ਚੰਡੀਗੜ੍ਹ ਹੀ ਹੈ। ਡਾਕਟਰਾਂ ਨੇ ਕਿਹਾ ਕਿ ਇਸ ਨੂੰ ਚੰਡੀਗੜ੍ਹ ਲੈ ਜਾਓ। ਉਧਰ ਮਾਸੂਮ ਬੱਚੇ ਜਸਕਰਨ ਦੇ ਮਾਤਾ-ਪਿਤਾ ਆਰਥਿਕ ਪੱਖ ਤੋਂ ਬਹੁਤ ਗਰੀਬ ਹਨ, ਜੋ ਕਿ ਪੀ.ਜੀ.ਆਈ. ਹਸਪਤਾਲ ਦਾ ਖਰਚਾ ਸਹਿਣ ਜੋਗੇ ਨਹੀਂ। ਸ਼ਹਿਰ ਦੇ ਮੋਹਤਬਰ ਅਤੇ ਹੋਰ ਸੰਸਥਾਵਾਂ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਸਕਰਨ ਦੇ ਇਲਾਜ ਦਾ ਖਰਚਾ ਕੀਤਾ ਜਾਵੇ, ਕਿਉਂਕਿ ਡਾਕਟਰਾਂ ਦੇ ਅਨੁਸਾਰ ਉਸ ਦੇ ਦਿਮਾਗ ’ਤੇ ਸੱਟ ਲੱਗਣ ਕਾਰਨ ਉਸ ਦਾ ਇਲਾਜ ਪੀ.ਜੀ.ਆਈ. ਹਸਪਤਾਲ ਵਿੱਚ ਹੋ ਸਕਦਾ ਹੈ।

49ਵਾਂ ਸ਼ਹੀਦੀ ਜਥਾ ਰਵਾਨਗੀ ਉਪਰੰਤ ਗ੍ਰਿਫਤਾਰ

ਤਲਵੰਡੀ ਸਾਬੋ, 21 ਫਰਵਰੀ (ਰਣਜੀਤ ਸਿੰਘ ਰਾਜੂ)—ਡੇਰਾ ਸਲਾਬਤਪੁਰਾ ਦੀ ਤਾਲਾਬੰਦੀ ਲਈ ਸਥਾਨਿਕ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਹਰ ਹਫਤੇ ਰਵਾਨਾ ਕੀਤੇ ਜਾਂਦੇ ਸ਼ਹੀਦੀ ਜਥਿਆਂ ਦੀ ਲੜੀ ਵਿੱਚ ਅੱਜ 49ਵਾਂ ਸ਼ਹੀਦੀ ਜਥਾ ਅਰਦਾਸ ਉਪਰੰਤ ਰਵਾਨਾ ਹੋਇਆ, ਜਿਸ ਨੂੰ ਸਥਾਨਿਕ ਵੇਕਰਾ ਚੌਕ ਕੋਲ ਐੱਸ.ਐੱਚ.ਓ. ਸ੍ਰੀ ਨਾਜਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਨੇ ਗ੍ਰਿਫਤਾਰ ਕਰ ਲਿਆ। ਇਸ ਤੋਂ ਪਹਿਲਾਂ ਤਖਤ ਸਾਹਿਬ ਤੇ ਕਰਵਾਏ ਸਮਾਗਮ ਵਿੱਚ ਭਾਈ ਗੁਰਮੀਤ ਸਿੰਘ ਮੰਡੀ ਕਲਾਂ ਅਤੇ ਦਰਸ਼ਨ ਸਿੰਘ ਦਲੇਰ ਨੇ ਢਾਡੀ ਜਥੇ ਨੇ ਸੰਗਤਾਂ ਨੂੰ ਵੀਰ ਰਸ ਵਾਰਾਂ ਨਾਲ ਨਿਹਾਲ ਕੀਤਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਸਾਹਿਬ ਸਤਿਕਾਰ ਸਭਾ ਦੇ ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਕੁਝ ਫਿਰਕੂ ਜਥੇਬੰਦੀਆਂ ਨੇ ਪੰਜਾਬ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਫਿਰ ਤੋਂ ਆਰੰਭ ਕਰ ਦਿੱਤੀ ਹੈ। ਸਾਰੇ ਪੰਜਾਬ ਵਿੱਚ ਸਿੱਖਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਨੂੰ ਜੂਨ 1984 ਵਿੱਚ ਸਾਕਾ ਨੀਲਾ ਤਾਰਾ ਵੇਲੇ ਢਹਾਉਣ ਦਾ ਹੁਕਮ ਕਰਨ ਵਾਲੇ ਜਨਰਲ ਏ.ਐੱਸ. ਵੈਦਿਆ ਦੇ ਪੋਸਟਰ ਲਾ ਦਿੱਤੇ ਗਏ ਹਨ, ਜਿਸ ਨਾਲ ਸਿੱਖਾਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਭਾਈ ਖਾਲਸਾ ਨੇ ਕਿਹਾ ਕਿ ਜੇਕਰ ਅਖੌਤੀ ਪੰਜਾਬ ਦੀ ਪੰਥਕ ਸਰਕਾਰ ਨੇ ਇਹ ਇਨ੍ਹਾਂ ਪੋਸਟਰਾਂ ਨੂੰ ਲਾਹੁਣ ਦੀ ਕੋਈ ਕੋਸ਼ਿਸ਼ ਜਲਦ ਸ਼ੁਰੂ ਨਾ ਕੀਤੀ ਤਾਂ ਨਤੀਜ ਮਾੜੇ ਵੀ ਨਿਕਲ ਸਕਦੇ ਹਨ।

...ਬੱਸ 1 ਮਿੰਟ

ਮੈਕਸੀਕੋ ’ਚ 18 ਟਨ ਵਿਸਫੋਟਕ ਬਰਾਮਦ

ਮੈਕਸੀਕੋ ਸਿਟੀ, 21 ਫ਼ਰਵਰੀ (ਵਿਸ਼ਵ ਵਾਰਤਾ)-ਮੈਕਸੀਕੋ ਦੇ ਉਤਰੀ ਹਿੱਸੇ ਤੋਂ ਪੁਲਿਸ ਨੇ ਕੁਝ ਘੰਟੇ ਪਹਿਲਾਂ ਚੋਰੀ ਕੀਤਾ ਗਿਆ 18 ਟਨ ਵਿਸਫੋਟਕ ਬਰਾਮਦ ਕੀਤਾ ਹੈ। ਸੂਤਰਾਂ ਅਨੁਸਾਰ ਉਦਯੋਗਾਂ ਵਿੱਚ ਉਪਯੋਗ ਹੋਣ ਵਾਲੇ ਵਿਸਫੋਟਕ ਨੂੰ ਨੂਏਵੋ ਲਿਯੋਨ ਅਤੇ ਕੋਏਹੁਇਲਾ ਪ੍ਰਾਂਤ ਦੀ ਸਰਹੱਦ ’ਤੇ ਇੱਕ ਰਾਜਮਾਰਗ ’ਤੇ ਚੋਰੀ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਸੰਘੀ ਪੁਲਿਸ ਅਤੇ ਸੈਨਾ ਦੇ ਜਵਾਨਾਂ ਨੇ ਚੋਰੀ ਕੀਤੇ ਸਾਮਾਨ ਦੀ ਬਰਾਮਦਗੀ ਲਈ ਮੁਹਿੰਮ ਸ਼ੁਰੂ ਕੀਤੀ। ਬਾਅਦ ਵਿੱਚ ਇਹ ਵਿਸਫੋਟਕ ਉਦਯੋਗਿਕ ਸ਼ਹਿਰ ਅਤੇ ਨੂਏਵੋ ਲਿਯੋਨ ਪ੍ਰਾਂਤ ਦੀ ਰਾਜਧਾਨੀ ਮੋਂਟੇਰੀ ਜਾਣ ਵਾਲੇ ਰਾਜ ਮਾਰਗ ’ਤੇ ਮਿਲਿਆ। ਜ਼ਿਕਰਯੋਗ ਹੈ ਕਿ ਮੈਕਸੀਕੋ ਵਿੱਚ ਨਸ਼ੀਲੇ ਪਦਾਰਥਾਂ ਦੇ ਵਪਾਰ ਨਾਲ ਜੁੜੀਆਂ ਹਿੰਸਕ 17,000 ਘਟਨਾਵਾਂ ਹੋ ਚੁੱਕੀਆਂ ਹਨ। ਰਾਸ਼ਟਰਪਤੀ ਫਿਲਿਪ ਕਾਲਡੇਰਾਨ ਨੇ 50 ਹਜ਼ਾਰ ਸੈਨਿਕਾਂ ਅਤੇ 20 ਹਜ਼ਾਰ ਸੰਘੀ ਪੁਲਿਸ ਕਰਮਚਾਰੀਆਂ ਨੂੰ ਨਸ਼ੀਲੇ ਪਦਾਰਥਾਂ ਦਾ ਵਪਾਰ ਰੋਕਣ ਲਈ ਤਾਇਨਾਤ ਕੀਤਾ ਹੈ।

ਯਮਨ ’ਚ 16 ਇਸਲਾਮੀ ਬਾਗੀ ਕਾਬੂ

ਸਨਾ, 21 ਫ਼ਰਵਰੀ (ਵਿਸ਼ਵ ਵਾਰਤਾ)-ਮੁਸਲਿਮ ਬਾਗੀਆਂ ਦੇ ਸੰਘਰਸ਼ ਨਾਲ ਜੂਝ ਰਹੇ ਯਮਨ ਦੇ ਦੱਖਣੀ ਇਲਾਕੇ ਵਿੱਚ ਸੁਰੱਖਿਆ ਬਲਾਂ ਨੇ ਬਾਗੀ ਗਤੀਵਿਧੀਆਂ ਵਿੱਚ ਰੁੱਝੇ ਰਹਿਣ ਦੇ ਸ਼ੱਕ ਵਿੱਚ 16 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰਿਕ ਸੂਤਰਾਂ ਨੇ ਇੱਥੇ ਦੱਸਿਆ ਕਿ ਇਹਨਾਂ ਲੋਕਾਂ ਨੂੰ ਗੈਰ-ਕਾਨੂੰਨੀ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਿਰਕਤ ਕਰਨ ਅਤੇ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਰਗੇ ਦੋਸ਼ਾਂ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹਨਾਂ ਲੋਕਾਂ ਨੇ ਸੁਰੱਖਿਆ ਬਲਾਂ ਉਤੇ ਪੱਥਰਬਾਜ਼ੀ ਵੀ ਕੀਤੀ ਸੀ। ਇਹਨਾਂ ਅੰਦਰੂਨੀ ਸਮੱਸਿਆਵਾਂ ਨੂੰ ਵੇਖਦੇ ਹੋਏ ਯਮਨ ਦੇ ਗ੍ਰਹਿ ਮੰਤਰਾਲੇ ਨੇ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਪਨਾਹ ਦੇਣ ਤੋਂ ਮਨਾ ਕਰਨ ਦਾ ਫੈਸਲਾ ਕੀਤਾ ਹੈ। ਮੰਤਰਾਲੇ ਦੀ ਵੈਬਸਾਈਟ ’ਤੇ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਹਾਲਾਤ ਦੇ ਮੱਦੇਨਜ਼ਰ ਯਮਨ ਹੁਣ ਬਾਹਰੀ ਲੋਕਾਂ ਦਾ ਪ੍ਰਵੇਸ਼ ਰੋਕਣਾ ਚਾਹੁੰਦਾ ਹੈ।

ਪੁਣੇ ਬੰਬ ਧਮਾਕੇ ’ਚ ਮਰਨ ਵਾਲਿਆਂ ਦੀ ਗਿਣਤੀ 15 ਹੋਈ

ਪੁਣੇ, 21 ਫ਼ਰਵਰੀ (ਵਿਸ਼ਵ ਵਾਰਤਾ)-ਪੁਣੇ ਬੰਬ ਧਮਾਕੇ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 15 ਹੋ ਗਈ ਹੈ। ਪੁਲਿਸ ਸੂਤਰਾਂ ਨੇ ਦੱਸਿਆ ਕਿ ਧਮਾਕੇ ਵਿੱਚ ਗੰਭੀਰ ਰੂਪ ਨਾਲ ਜ਼ਖਮੀ 24 ਸਾਲਾ ਵਿਕਾਸ ਤੁਲਸਿਯਾਨੀ ਨੇ ਅੱਜ ਸਵੇਰੇ ਜਹਾਂਗੀਰ ਹਸਪਤਾਲ ਵਿੱਚ ਆਖਰੀ ਸਾਹ ਲਿਆ। ਉਹ ਪੁਣੇ ਦਾ ਰਹਿਣ ਵਾਲਾ ਸੀ। ਇੱਕ ਹੋਰ ਬਾਰੇ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਧਮਾਕੇ ਵਿੱਚ ਗੰਭੀਰ ਰੂਪ ਨਾਲ ਜ਼ਖਮੀ 23 ਸਾਲਾ ਰਾਜੀਵ ਅਗਰਵਾਲ ਨੇ ਸ਼ਨੀਵਾਰ ਰਾਤ ਇਸ ਹਸਪਤਾਲ ਵਿੱਚ ਦਮ ਤੋੜ ਦਿੱਤਾ। ਜ਼ਿਕਰਯੋਗ ਹੈ ਕਿ ਕੋਰੇਗਾਂਵ ਪਾਰਕ ਇਲਾਕੇ ਵਿੱਚ ਸਥਿਤ ਜਰਮਨ ਬੇਕਰੀ ਵਿੱਚ 13 ਫਰਵਰੀ ਦੀ ਸ਼ਾਮ ਹੋਏ ਬੰਬ ਧਮਾਕੇ ਵਿੱਚ ਇਹ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਸਨ। ਅਗਰਵਾਲ ਇੱਥੋਂ ਦੇ ਸਿੰਬੋਸਿਸ ਕਾਲਜ ਦਾ ਵਿਦਿਆਰਥੀ ਸੀ। ਧਮਾਕੇ ਵਿੱਚ ਲਗਭਗ 53 ਲੋਕ ਜ਼ਖਮੀ ਹੋ ਗਏ ਸਨ। ਸੂਤਰਾਂ ਮੁਤਾਬਿਕ ਹਮਲੇ ਵਿੱਚ ਜਿਹਨਾਂ ਲੋਕਾਂ ਦੀ ਮੌਤ ਹੋਈ, ਉਹਨਾਂ ਵਿੱਚ ਤਿੰਨ ਵਿਦੇਸ਼ੀ ਨਾਗਰਿਕ ਵੀ ਸਨ। ਵਿਦੇਸ਼ੀ ਨਾਗਰਿਕਾਂ ਵਿੱਚ ਇਟਲੀ ਦੀ ਇੱਕ ਮਹਿਲਾ ਅਤੇ ਦੋ ਵਿਦਿਆਰਥੀ ਸ਼ਾਮਲ ਸਨ।

ਪਾਕਿ ਸੈਨਾ ਨੇ 50 ਅੱਤਵਾਦੀਆਂ ਨੂੰ ਫੜਿਆ

ਇਸਲਾਮਾਬਾਦ, 21 ਫ਼ਰਵਰੀ (ਵਿਸ਼ਵ ਵਾਰਤਾ)-ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਕਬਾਇਲੀ ਇਲਾਕੇ ਵਿੱਚ ਪਾਕਿਸਤਾਨ ਸੁਰੱਖਿਆ ਬਲਾਂ ਨੇ ਘੱਟੋ-ਘੱਟ 50 ਅੱਤਵਾਦੀਆਂ ਨੂੰ ਫੜਿਆਹੈ। ਸੂਤਰਾਂ ਅਨੁਸਾਰ ਸੁਰੱਖਿਆ ਬਲਾਂ ਦੇ ਸੂਤਰਾਂ ਨੇ ਅੱਜ ਦੱਸਿਆ ਕਿ ਜਮਰੂਦ ਇਲਾਕੇ ਵਿੱਚ ਛਾਪੇਮਾਰੀ ਕਰਕੇ ਇਹਨਾਂ ਅੱਤਵਾਦੀਆਂ ਨੂੰ ਫੜਿਆ ਗਿਆ। ਇਹਨਾਂ ਕੋਲੋਂ ਹਥਿਆਰ ਅਤੇ ਨਸ਼ੀਲੇ ਪਦਾਰਥ ਫੜੇ ਗਏ ਹਨ। ਅੱਤਵਾਦੀਆਂ ਨੂੰ ਫੜੇ ਜਾਣ ਤੋਂ ਪਹਿਲਾਂ ਇਸੇ ਇਲਾਕੇ ਵਿੱਚ ਆਤਮਘਾਤੀ ਬੰਬ ਹਮਲਾਹੋਇਆ ਸੀ ਜਿਸ ਵਿੱਚ ਕਈ ਸੁਰੱਖਿਆ ਕਰਮਚਾਰੀ ਮਾਰੇ ਗਏ ਸਨ।

ਭਾਈ ਹਰਬੰਸ ਸਿੰਘ ਨੂੰ ਸਦਮਾ

ਸਮਾਣਾ 21 ਫ਼ਰਵਰੀ (ਸਾਹਿਬ ਸਿੰਘ,ਨਾਗੀ) ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਭਾਈ ਹਰਬੰਸ ਸਿੰਘ ਅਤੇ ਕਰਮਚਾਰੀ ਆਗੂ ਸ. ਚਰਨਜੀਤ ਸਿੰਘ ਦੇ ਭਰਾ ਸ. ਗੁਰਮੀਤ ਸਿੰਘ ਜੋ ਪੰਜਾਬ ਰਾਜ ਬਿਜਲੀ ਬੋਰਡ ਵਿਚ ਕਰਮਚਾਰੀ ਸਨ, ਬੀਤੇ ਦਿਨ ਇੱਕ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ ਹਨ। ਉਹ ਆਪਣੀ ਡਿਊਟੀ ਤੋਂ ਵਾਪਿਸ ਆ ਰਹੇ ਸਨ ਕਿ ਇੱਕ ਜੀਪ ਨੇ ਗਲਤ ਦਿਸ਼ਾ ਤੇ ਆ ਕੇ ਸਾਹਮਣੇ ਤੋਂ ਉਨ੍ਹਾਂ ਦੇ ਮੋਟਰਸਾਇਕਲ ਵਿਚ ਟੱਕਰ ਮਾਰ ਦਿੱਤੀ । ਮੁਲਾਜਮ ਜਥੇਬੰਦੀਆਂ ਦੇ ਆਗੂਆਂ, ਧਾਰਮਿਕ , ਰਾਜਸੀ ਤੇ ਰਾਜਨੀਤਿਕ ਸਖਸ਼ੀਅਤਾਂ ਨੇ ਗੁਰਮੀਤ ਸਿੰਘ ਸਿੰਘ ਦੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਕਥਿਤ ਦੋਸ਼ੀ ਤੇ ਧਾਰਾ 304 ਬੀ ਭਾਰਤੀ ਦੰਡਾਵਲੀ ਤਹਿਤ ਮੁਕਦਮਾ ਦਰਜ ਕਰਨ ਦੀ ਮੰਗ ਕੀਤੀ ਹੈ।

ਚੋਰਾਂ ਵੱਲੋਂ ਮੋਬਾਇਲਾਂ ਦੀ ਦੁਕਾਨ ’ਤੇ ਚੋਰੀ

ਧਰਮਕੋਟ, 21 ਫਰਵਰੀ (ਦਵਿੰਦਰ ਬਿੱਟੂ)-ਚੋਰੀ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ। ਧਰਮਕੋਟ ਥਾਣੇ ਦੇ ਥੋੜ੍ਹੀ ਦੂਰ ਪਟਿਆਲਾ ਬੈਂਕ ਦੇ ਨਾਲ ਬੌਬੀ ਰਾਜੂ ਦੀ ਮੋਬਾਇਲਾਂ ਦੀ ਦੁਕਾਨ ਤੋਂ ਚੋਰਾਂ ਨੇ ਕੰਧ ਵਿੱਚ ਪਾੜ ਲਾ ਕੇ ਤਿੰਨ ਚਾਰ ਨਵੇਂ ਮੋਬਾਇਲ ਤੇ ਕਾਫੀ ਪੁਰਾਣੇ ਮੋਬਾਇਲਾਂ ਜੋ ਲੋਕਾਂ ਦੇ ਰਿਪੇਅਰ ਲਈ ਆਏ ਸਨ, ਜਿਸ ਦੀ ਕੀਮਤ ਤਕਰੀਬਨ 25-30 ਹਜ਼ਾਰ ਰੁਪਏ ਬਣਦੀ ਹੈ, ਚੋਰਾਂ ਵੱਲੋਂ ਚੋਰੀ ਕੀਤੇ ਗਏ ਹਨ, ਜਿਸ ਦੀ ਇਤਲਾਹ ਥਾਣਾ ਧਰਮਕੋਟ ਵਿਖੇ ਦੇ ਦਿੱਤੀ ਗਈ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਥੇ ਸਮੂਹ ਦੁਕਾਨਦਾਰਾਂ ਵੱਲੋਂ ਰਾਤ ਦੀ ਡਿਊਟੀ ’ਤੇ ਪਹਿਰੇ ਵਾਲੇ ਵੀ ਰੱਖੇ ਹੋਏ ਹਨ ਤੇ ਥਾਣਾ ਵੀ ਬਿਲਕੁੱਲ ਨੇੜੇ ਹੈ, ਪਰ ਇਸ ਰੋਡ ’ਤੇ ਪਹਿਲਾਂ ਵੀ ਮੋਬਾਇਲਾਂ ਦੀ ਦੁਕਾਨ ਛੱਤ ਪਾੜ ਕੇ ਚੋਰੀ ਕੀਤੀ ਗਈ ਸੀ, ਜਿਸ ਦਾ ਅੱਜ ਤੱਕ ਕੋਈ ਸੁਰਾਗ ਨਹੀਂ ਮਿਲਿਆ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਪਹਿਰੇ ਵਾਲੇ ਰੱਖਣ ਦੇ ਬਾਵਜੂਦ ਤੇ ਥਾਣਾ ਨੇੜੇ ਹੋਣ ਤੇ ਵੀ ਜੇ ਇੱਥੇ ਚੋਰੀ ਹੋ ਸਕਦੀ ਹੈ ਤਾਂ ਬਾਕੀ ਬਾਹਰਲੇ ਦੁਕਾਨਦਾਰਾਂ ਦਾ ਕੀ ਬਣੂ। ਸਮੂਹ ਦੁਕਾਨਦਾਰਾਂ ਦੀ ਮੰਗ ਹੈ ਕਿ ਰਾਤ ਦੀ ਪੁਲਿਸ ਡਿਊਟੀ ਵਧਾਈ ਜਾਵੇ, ਤਾਂ ਕਿ ਹੋਰ ਚੋਰੀਆਂ ਹੋਣ ਤੋਂ ਰੁਕ ਸਕਣ।

ਪ੍ਰਕਾਸ਼ ਸਿੰਘ ਬਾਦਲ ਦੀ ਕੋਟਕਪੂਰਾ ਫੇਰੀ ਦੌਰਾਨ ਕਰੜੇ ਸੁਰੱਖਿਆ ਪ੍ਰਬੰਧ

ਕੋਟਕਪੂਰਾ 21 ਫਰਵਰੀ (ਪ.ਪ.) -ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤ੍ਰੀ ਪੰਜਾਬ ਵੱਲੋਂ ਕੱਲ੍ਹ ਮਿਤੀ 22 ਫਰਵਰੀ ਨੂੰ ਕੋਟਕਪੂਰਾ ਵਿਖੇ ਪਧਾਰਨ ਤੇ ਸੁਰੱਖਿਆ ਪ੍ਰਬੰਧ ਮੁਕੰਮਲ ਕਰ ਲਏ ਹਨ । ਇਸ ਬਾਰੇ ਜਾਣਕਾਰੀ ਦਿੰਦੇ ਹੋਏ ਹਲਕਾ ਇੰਚਾਰਜ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਸ: ਮਨਤਾਰ ਸਿੰਘ ਬਰਾੜ ਨੇ ਇਸ ਪ੍ਰਤੀਨਿਧੀ ਨਾਲ ਫੋਨ ਤੇ ਗੱਲਬਾਤ ਦੌਰਾਨ ਦੱਸਿਆ ਕਿ ਮੁੱਖ ਮੰਤ੍ਰੀ ਸ: ਪ੍ਰਕਾਸ਼ ਸਿੰਘ ਬਾਦਲ ਠੀਕ 2 ਵਜੇ ਕੋਟਕਪੂਰਾ ਵਿਖੇ ਪਹੁੰਚਕੇ ਕੋਟਕਪੂਰਾ ਵਿਖੇ ਕਰੋੜਾਂ ਰੁਪੈ ਦੇ ਲਾਗਤ ਨਾਲ ਬਨਣ ਵਾਲੇ ਪੋਲੀਟੈਕਨੀਕਲ ਕਾਲਜ ਦਾ ਉਦਘਾਟਨ ਕਰਨਗੇ ਅਤੇ ਉਸਤੋਂ ਤੁਰੰਤ ਬਾਅਦ ਨਵੀਂ ਦਾਣਾ ਮੰਡੀ ਕੋਟਕਪੂਰਾ ਵਿਖੇ ਵਿਸ਼ਾਲ ਜਨਤਕ ਇਕੱਠ ਨੂੰ ਸੰਬੋਧਨ ਕਰਨਗੇ । ਸ: ਬਰਾੜ ਨੇ ਅਕਾਲੀ ਦਲ ਦੇ ਸਮੂਹ ਸਰਪੰਚਾਂ, ਪੰਚਾਂ, ਮੈਂਬਰ ਜ਼ਿਲਾ ਪ੍ਰੀਸ਼ਦਾਂ, ਨਗਰ ਕੌਂਸਲਰਾਂ ਅਤੇ ਸਮੂਹ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਪਹੁੰਚਕੇ ਸ: ਬਾਦਲ ਦੇ ਵਿਚਾਰ ਸੁਣਨ।

ਅੰਤਿਮ ਸੰਸਕਾਰ ਕੀਤਾ

ਗਿੱਦੜਬਾਹਾ, 21 ਫਰਵਰੀ (ਰਾਜੀਵ)-ਗਿੱਦੜਬਾਹਾ ਦੇ ਪ੍ਰਸਿੱਧ ਲੋਹਾ ਵਪਾਰੀ ਸਵਰਗੀ ਸਵਰਣ ਕੁਮਾਰ ਬਾਂਸਲ ਦੀ ਧਰਮ ਪਤਨੀ ਸ੍ਰੀਮਤੀ ਸ਼ੀਲਾ ਦੇਵੀ (75) ਦਾ ਅਚਾਨਕ ਦੇਹਾਂਤ ਹੋ ਗਿਆ। ਕੱਲ੍ਹ ਦੁਪਹਿਰ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਸ਼ਹਿਰ ਦੀਆਂ ਧਾਰਮਿਕ, ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਇਲਾਵਾ ਸ਼ਹਿਰ ਦੇ ਸੈਂਕੜੇ ਪਤਵੰਤੇ ਮੌਜੂਦ ਸਨ।

ਸੁਖਬੀਰ ਬਾਦਲ 23 ਨੂੰ ਆਨੰਦਪੁਰ ਸਾਹਿਬ ’ਚ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ

ਰੂਪਨਗਰ, 21 ਫਰਵਰੀ (ਅਮਰਜੀਤ ਸਿੰਘ)-ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 23 ਫਰਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਗਰਾਊਂਡ ਵਿਖੇ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਨਗੇ ਅਤੇ ਨਿਰਮਲ ਗਰਾਮ ਪੁਰਸਕਾਰ ਤਹਿਤ ਪੰਜਾਬ ਦੀਆਂ 74 ਪੰਚਾਇਤਾਂ ਨੂੰ ਦੋ-ਦੋ ਲੱਖ ਰੁਪਏ ਦੇ ਚੈੱਕ ਵੀ ਭੇਟ ਕਰਨਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰੂਪਨਗਰ ਨੇ ਪ੍ਰੈੱਸ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਆਨੰਦਪੁਰ ਸਾਹਿਬ ਦੇ ਦੌਰੇ ਦੌਰਾਨ ਸਭ ਤੋਂ ਪਹਿਲਾਂ ਪਿੰਡ ਘੱਟੀ ਵਾਲ ਵਿਖੇ 4.61 ਕਰੋੜ ਦੀ ਲਾਗਤ ਨਾਲ ਬਣੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਉਦਘਾਟਨ ਕਰਨਗੇ। ਇਸ ਉਪਰੰਤ ਉਹ 77 ਲੱਖ ਰੁਪਏ ਦੀ ਲਾਗਤ ਨਾਲ ਬਣੀਆਂ ਪਾਣੀਆਂ ਦੀਆਂ ਟੈਂਕੀਆਂ ਦਾ ਉਦਘਾਟਨ ਕਰਨਗੇ ਅਤੇ ਇਸ ਉਪਰੰਤ ਸ਼ਹਿਰ ਦੇ ਬਕਾਇਆ ਰਹਿੰਦੇ ਇਲਾਕੇ ਵਿੱਚ 2.93 ਕਰੋੜ ਦੀ ਲਾਗਤ ਨਾਲ ਪਾਈਪਾਂ ਵਿਛਾਉਣ ਦੇ ਕੰਮ ਦਾ ਨੀਂਹ ਪੱਥਰ ਰੱਖਣਗੇ। ਇਸੇ ਦੌਰਾਨ ਉਹ ਪੰਜਾਬ ਦੇ ਪਹਿਲੇ ਸਕਾਡਾ ਰੂਮ ਦਾ ਉਦਘਾਟਨ ਵੀ ਕਰਨਗੇ। ਇਹ ਰੂਮ ਛੇ ਸੀਵਰੇਜ ਪੰਜ ਸਟੇਸ਼ਨਾਂ ਅਤੇ ਦੋ ਪਾਣੀ ਦੀਆਂ ਟੈਂਕੀਆਂ ਦੇ ਲੈਵਲ ਸੰਬੰਧੀ ਮੋਨੀਟਰਿੰਗ ਕਰੇਗਾ। ਜ਼ਿਲ੍ਹਾ ਰੂਪਨਗਰ ਪ੍ਰਸ਼ਾਸਨ ਵੱਲੋਂ ਉਪ ਮੁੱਖ ਮੰਤਰੀ ਦੀ ਆਮਦ ’ਤੇ ਪ੍ਰਬੰਧਾਂ ਬਾਰੇ ਉੱਚ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਦੌਰੇ ਦੇ ਦੌਰਾਨ ਸੁਰਖਿਆ ਦੇ ਪੁਖਤਾ ਪ੍ਰਬੰਧ ਕਰਨ। ਦੌਰੇ ਦੌਰਾਨ ਪੂਰੀ ਚੌਕਸੀ ਰੱਖੀ ਜਾਵੇ।

ਲਾਇਨ ਕਲੱਬ ਚੰਡੀਗੜ੍ਹ ਸੁਪਰੀਮ ਨੇ ਲਗਾਇਆ ਮੁਫ਼ਤ ਅੱਖਾਂ ਦਾ ਚੈਕਅੱਪ ਤੇ ਆਪ੍ਰੇਸ਼ਨ ਕੈਂਪ

319 ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ

ਮੁਹਾਲੀ 21 ਫਰਵਰੀ (ਵੀਨਾ ਰਾਜਪੂਤ) -ਲਾਇਨਜ਼ ਕਲੱਬ ਚੰਡੀਗੜ੍ਹ ਸੁਪਰੀਮ ਵੱਲੋਂ ਐਤਵਾਰ ਨੂੰ ਚੰਡੀਗੜ੍ਹ ਦੇ ਸੈਕਟਰ 45 ਸਥਿਤ ਸ੍ਰੀ ਸਨਾਤਨ ਧਰਮ ਮੰਦਿਰ ਵਿਚ ਸਰਕਾਰੀ ਕਾਲਜ਼ ਅਤੇ ਹਸਪਤਾਲ ਸੈਕਟਰ 32 ਅਤੇ ਲਾਇਨਜ਼ ਕਲੱਬ ਵੂਲਵਿਚ ਤੇ ਗਰੀਨਵਿਚ ਲੰਡਨ, ਯੂ. ਕੇ. , ਦੇ ਸਹਿਯੋਗ ਨਾਲ ਮੁਫ਼ਤ ਅੱਖਾਂ ਦਾ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਐਨ. ਆਰ. ਆਈਜ਼ ਸ੍ਰੀ ਦੀਦਾਰ ਸਿੰਘ ਬਨਵੈਤ ਨੇ ਕੀਤਾ। ਆਰ.ਕੇ. ਐਮ ਹਾਊਸਿੰਗ ਲਿਮਟਡ ਦੇ ਐਮ. ਡੀ. ਸ੍ਰੀ ਕੇ. ਐਸ. ਵਾਲੀਆ ਅਤੇ ਲਾਇਨਜ਼ ਕਲੱਬ ਵੂਲਵਿਚ ਤੇ ਗਰੀਨਵਿਚ ਲੰਡਨ, ਯੂ. ਕੇ ਦੇ ਪ੍ਰਧਾਨ ਲਾਇਨ ਗੁਰਚਰਨ ਸਿੰਘ ਛਤਵਾਲ ਅਤੇ ਲਾਇਨ ਮੱਸਾ ਸਿੰਘ ਨੇ ਕੈਂਪ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਦੇ ਦੌਰਾਨ ਆਯੋਜਿਤ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਦੀਦਾਰ ਸਿੰਘ ਬਨਵੈਤ ਨੇ ਕਲੱਬ ਦੁਆਰਾ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ਼ਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਲਾਇਨ ਕਲੱਬ ਵੂਲਵਿਚ ਤੇ ਗਰੀਨਵਿਚ ਲੰਡਨ ਯੂ. ਕੇ ਦੇ ਪ੍ਰਧਾਨ ਲਾਇਨ ਗੁਰਚਰਨ ਸਿੰਘ ਛਤਵਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕਲੱਬ ਨੂੰ ਅੱਖਾਂ ਦੇ ਕੈਂਪ ਤੋਂ ਇਲਾਵਾ ਹੋਰ ਵੀ ਕਈ ਸਮਾਜ ਸੇਵੀ ਕੰਮਾਂ ਵੱਧ ਚੜ੍ਹਕੇ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮੌਕੇ ਆਰ. ਕੇ. ਐਮ ਹਾਊਸਿੰਗ ਲਿਮਟਡ ਦੇ ਐਮ.ਡੀ. ਕੇ. ਐਸ. ਵਾਲੀਆ ਨੇ ਕਲੱਬ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ ਅਤੇ ਆਪਣਾ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਤੇ ਲਾਇਨ ਕਲੱਬ ਚੰਡੀਗੜ੍ਹ ਸੁਪਰੀਮ ਦੇ ਪ੍ਰਧਾਨ ਲਾਇਨ ਕੇਵਲ ਬੰਸਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਲੱਬ ਦੁਆਰਾ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਲੱਬ ਦੁਆਰਾ ਇਸ ਤਰ੍ਹਾਂ ਦੇ ਕੈਂਪ ਦਾ ਆਯੋਜਨ ਹਰ ਸਾਲ ਕੀਤਾ ਜਾਵੇਗਾ। ਇਸ ਮੌਕੇ ਜੋਨ ਚੇਅਰਪਰਸਨ ਲਾਇਨ ਤੇਜਿੰਦਰ ਸਿੰਘ ਸੈਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੂੰ ਸਨਮਾਨਿਤ ਵੀ ਕੀਤਾ। ਇਸ ਕੈਂਪ ਵਿਚ ਸਨਾਤਨ ਧਰਮ ਮੰਦਿਰ ਸੈਕਟਰ 45 ਦੀ ਕਮੇਟੀ ਮੈਂਬਰਾਂ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ। ਕੈਂਪ ਦੌਰਾਨ 319 ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਡਾਕਟਰਾਂ ਦੁਆਰਾ 69 ਲੋਕਾਂ ਨੂੰ ਅੱਖਾਂ ਦੇ ਆਪ੍ਰੇਸ਼ਨ ਲਈ ਚੁਣਿਆ ਗਿਆ। ਇਸ ਮੌਕੇ ਲਾਇਨ ਸੰਜੈ ਮਹਿੰਦੀਰੱਤਾ, ਲਾਇਨ ਸੁਨੀਲ ਕਪੂਰ, ਲਾਇਨ ਨਵਾਬ ਸਿੰਘ, ਲਾਇਨ ਰੋਹਿਤ ਕਪੂਰ, ਲਾਇਨ ਵਿਪੁਲ ਸੂਦ, ਲਾਇਨ ਵਿਜੈ ਭਾਟੀਆ, ਲਾਇਨ ਸੰਦੀਪ ਗੁਪਤਾ, ਲਾਇਨ ਆਰ ਕੇ ਦੀਵਾਨ, ਲਾਇਨ ਯੋਗੇਸ ਜੈਰਥ ਅਤੇ ਲਾਇਨ ਕਲੱਬ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

ਤੇਜ਼ ਰਫਤਾਰ ਟਰੱਕ ਨੇ ਕੁਹਾੜਾ ਚੌਂਕ ਵਿੱਚ ਬਣਿਆ ਮੁਸਾਫਰ ਘਰ ਕੀਤਾ ਢਹਿ ਢੇਰੀ

ਕੁਹਾੜਾ, 21 ਫਰਵਰੀ (ਗੁਰਨਾਮ)-ਬੀਤੀ ਰਾਤ ਚੰਡੀਗੜ੍ਹ-ਲੁਧਿਆਣਾ ਰੋਡ ਉਪਰ ਸਥਿਤ ਕੁਹਾੜਾ ਚੌਕ ਵਿੱਚ ਤੇਜ ਰਫਤਾਰ ਟਰੱਕ ਬੇਕਾਬੂ ਹੋਣ ਕਰਕੇ ਪਲਟਣ ਨਾਲ ਕੁਹਾੜਾ ਚੌਕ ਵਿੱਚ ਬਣਿਆ ਮੁਸਾਫਰ ਘਰ ਢਹਿ-ਢੇਰੀ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵੱਲੋ ਤੇਜ਼ ਰਫਤਾਰ ਟਰੱਕ ਕੁਹਾੜਾ ਚੌਂਕ ਵਿੱਚ ਬੇਕਾਬੂ ਹੋ ਕੇ ਪਲਟ ਗਿਆ। ਡਰਾਈਵਰ ਵਾਲ-ਵਾਲ ਬਚ ਗਿਆ। ਜੇਕਰ ਇਹ ਹਾਦਸਾ ਦਿਨੇ ਵਾਪਰਦਾ ਤਾਂ ਜਾਨੀ ਨੁਕਸਾਨ ਕਾਫੀ ਹੋ ਜਾਣਾ ਸੀ, ਕਿਉਂਕਿ ਦਿਨੇ ਸਵਾਰੀਆਂ ਆਮ ਹੀ ਖੜ੍ਹੀਆਂ ਹੁੰਦੀਆਂ ਹਨ। ਪਿੰਡ ਦੇ ਸਰਪੰਚ ਤੇਜ ਸਿੰਘ ਗਰਚਾ ਨੇ ਟਰੱਕ ਦੇ ਡਰਾਈਵਰ ਖਿਲਾਫ ਪੁਲਿਸ ਚੌਂਕੀ ਵਿੱਚ ਰਿਪੋਰਟ ਦਿੱਤੀ ਹੈ ਕਿਉਂਕਿ ਅੱਡੇ ਵਿੱਚ ਬਣੇ ਮੁਸਾਫਰ ਘਰ ਬਿਲਕੁੱਲ ਢਹਿ ਗਿਆ ਹੈ। ਪੁਲਿਸ ਵੱਲੋਂ ਰਿਪੋਰਟ ਉੱਪਰ ਆਪਣੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

20ਵਾਂ ਅੰਤਰਰਾਸ਼ਟਰੀ ਪੁਰੇਵਾਲ...

ਸਫ਼ਾ 1 ਦੀ ਬਾਕੀ

ਹਰਬੰਸ ਸਿੰਘ ਪੁਰੇਵਾਲ ਦੀ ਤਸਵੀਰ ਤੋਂ ਪਰਦਾ ਉਠਾਇਆ। ਮੁੱਖ ਪ੍ਰਬੰਧਕ ਸ. ਗੁਰਜੀਤ ਸਿੰਘ ਪੁਰੇਵਾਲ ਅਤੇ ਪ੍ਰਧਾਨਗੀ ਮੰਡਲ ਨੇ ਗੁਬਾਰੇ ਛੱਡ ਕੇ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ’ਤੇ ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ ਸ਼੍ਰੋਮਣੀ ਕਮੇਟੀ, ਸ. ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕੀਟ ਕਮੇਟੀ, ਸ. ਬਲਵਿੰਦਰ ਸਿੰਘ, ਪ੍ਰੋ. ਮੱਖਣ ਸਿੰਘ, ਅਵਤਾਰ ਸਿੰਘ ਪੁਰੇਵਾਲ, ਗੀਤਕਾਰ ਸ਼ਮਸ਼ੇਰ ਸੰਧੂ, ਸੁਖਦੀਪ ਸਿੰਘ ਸ਼ੁਕਾਰ, ਹਰਿੰਦਰ ਸਿੰਘ ਬੀਸਲਾ, ਗੁਰਦੀਪ ਸਿੰਘ ਨਾਮਧਾਰੀ, ਬੁੱਧ ਸਿੰਘ ਧੁਲੇਤਾ, ਨਰਿੰਦਰ ਪਾਲ ਮਾਹਲ, ਪ੍ਰਗਟ ਸਿੰਘ, ਬਲਵਿੰਦਰ ਕੌਰ ਪੁਰੇਵਾਲ, ਰਣਜੀਤ ਸਿੰਘ ਝਿੰਗੜ, ਬਿੱਕਰ ਸਿੰਘ ਢਿੱਲੋਂ, ਜਰਨੈਲ ਸਿੰਘ ਪਰੋਜਪੁਰ, ਅਵਤਾਰ ਸਿੰਘ ਦਾਲੀ, ਹਰਅਵਤਾਰ ਸਿੰਘ, ਮਾਸਟਰ ਜੋਗਾ ਸਿੰਘ ਚਾਹਲ, ਕਰਮਜੀਤ ਸਿੰਘ ਹੇੜੀਆ ਆਦਿ ਹਾਜਰ ਸਨ। ਖੇਡ ਮੇਲੇ ਦੌਰਾਨ ਕੁਸ਼ਤੀਆਂ ਦੇ ਪੰਜਾਬ ਕੁਮਾਰ ਟਾਈਟਲ ’ਚ ਪੰਜ ਕੁਸ਼ਤੀਆਂ ਕਰਵਾਈਆਂ।

ਮਹਿੰਗਾਈ ਮੁੱਦੇ ’ਤੇ ਕੇਂਦਰ...

ਸਫ਼ਾ 1 ਦੀ ਬਾਕੀ

ਸਦਨ ਦੀ ਕਾਰਜਵਾਹੀ ਸੁਚਾਰੂ ਰੂਪ ਨਾਲ ਚੱਲੇਗੀ। ਦੋ ਗੇੜਾਂ ਵਿੱਚ ਕਰੀਬ ਤਿੰਨ ਮਹੀਨੇ ਤੱਕ ਚੱਲਣ ਵਾਲਾ ਬਜਟ ਸ਼ੈਸ਼ਨ ਸੋਮਵਾਰ 22 ਫਰਵਰੀ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਵਿੱਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੇ ਭਾਸ਼ਣ ਦੇ ਨਾਲ ਸ਼ੁਰੂ ਹੋਵੇਗਾ। ਇਹ ਸ਼ੈਸ਼ਨ 7 ਮਈ ਤੱਕ ਚੱਲੇਗਾ। ਮਹੀਨੇ ਦੇ ਆਖਿਰੀ ਦੋ ਦਿਨ ਸ਼ਨੀਵਾਰ ਅਤੇ ਐਤਵਾਰ ਹੋਣ ਵਾਲੇ ਸ਼ਨੀਵਾਰ ਨੂੰ ਮੁਸਲਿਮ ਤਿਉਹਾਰ ਅਤੇ ਐਤਵਾਰ ਨੂੰ ਹੋਲੀ ਹੋਣ ਕਾਰਨ ਆਮ ਬਜਟ ਇਸ ਵਾਰ ਦੋ ਦਿਨ ਪਹਿਲਾਂ ਭਾਵ 26 ਫਰਵਰੀ ਨੂੰ ਪੇਸ਼ ਹੋਵੇਗਾ ਜਦਕਿ ਰੇਲ ਬਜਟ 24 ਫਰਵਰੀ ਅਤੇ ਆਰਥਿਕ ਸਮੀਖਿਆ 25 ਫਰਵਰੀ ਨੂੰ ਪੇਸ਼ ਕੀਤੀ ਜਾਵੇਗੀ।

ਪਟਿਆਲਾ ’ਚ ਬੰਬ ਦੇ ਨਾਲ...

ਸਫ਼ਾ 1 ਦੀ ਬਾਕੀ

’ਤੇ ਧਮਾਕੇ ਲਈ ਇਹਨਾਂ ਦਾ ਇਸਤੇਮਾਲ ਹੋ ਸਕਦਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਜਲੰਧਰ ਛਾਉਣੀ ਦੇ ਸਟੇਸ਼ਨ ਮਾਸਟਰ ਨੂੰ ਦਿੱਲੀ ਦੇ ਬੱਬਰ ਖਾਲਸਾ ਦੇ ਏਰੀਆ ਕਮਾਂਡਰ ਦੇ ਨਾਮ ਤੋਂ ਇੱਕ ਚਿੱਠੀ ਵੀ ਭੇਜੀ ਗਈ ਸੀ ਜਿਸ ਵਿੱਚ ਜਲੰਧਰ ਛਾਉਣੀ, ਬੱਸ ਅੱਡਿਆਂ, ਏਅਰਪੋਰਟ, ਸਟੇਸ਼ਨਾਂ ਅਤੇ ਪੰਜਾਬ ਦੇ ਮਹੱਤਵਪੂਰਨ ਸਥਾਨਾਂ ਨੂੰ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਇਸ ਧਮਕੀ ਦੇ ਮੱਦੇਨਜ਼ਰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੀ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਸੀ ਅਤੇ ਤਲਾਸ਼ੀ ਵੀ ਲਈ ਜਾ ਰਹੀ ਸੀ। ਇਸ ਤਲਾਸ਼ੀ ਮੁਹਿੰਮ ਦੌਰਾਨ ਹੀ ਇਹ ਦੋਵੇਂ ਅੱਤਵਾਦੀ ਪੁਲਿਸ ਦੇ ਅੜਿੱਕੇ ਚੜ੍ਹੇ।

ਪੀ.ਪੀ.ਪੀ. ਪੰਜਾਬ ਸਰਕਾਰ...

ਸਫ਼ਾ 1 ਦੀ ਬਾਕੀ

ਸ਼ਰੀਫ ਦੀ ਆਲੋਚਨਾ ਦੇ ਕੇਂਦਰ ਵਿੱਚ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਰਹੇ ਹਨ। ਨਵਾਜ਼ ਨੇ ਇੱਥੇ ਤੱਕ ਕਹਿ ਦਿੱਤਾ ਹੈ ਕਿ ਜ਼ਰਦਾਰੀ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਸ ਤੋਂ ਬਾਅਦ ਗਠਜੋੜ ਸਰਕਾਰ ਵਿੱਚ ਪੀ.ਪੀ.ਪੀ. ਵਿਧਾਇਕਾਂ ਨੇ ਸਰਕਾਰ ਤੋਂ ਹਟਣ ਦੀ ਮੰਗ ਕੀਤੀ। ਗਿਲਾਨੀ ਨੇ ਸ਼ਨੀਵਾਰ ਰਾਤ ਇੱਕ ਸਰਕਾਰੀ ਗੈਸਟ ਹਾਊਸ ਵਿੱਚ ਇੱਕ ਬੈਠਕ ਦੌਰਾਨ ਪੀ.ਪੀ.ਪੀ. ਸਾਂਸਦਾਂ ਨੂੰ ਕਿਹਾ ਕਿ ਅਸੀਂ ਪੰਜਾਬ ਵਿੱਚ ਸਰਕਾਰ ਤੋਂ ਅਲੱਗ ਨਹੀਂ ਹੋਣਗੇ। ਗਿਲਾਨੀ ਨੇ ਸਾਂਸਦਾਂ ਨੂੰ ਕਿਹਾ ਉਹ ਕਿ ਰਾਜਨੀਤਿਕ ਦੂਰਦਰਸ਼ਿਤਾ ਦਾ ਸਬੂਤ ਦਿੰਦੇ ਹੋਏ ਦੇਸ਼ ਵਿੱਚ ਰਾਜਨੀਤਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਪ੍ਰਾਂਤ ਦੀ ਗਠਜੋੜ ਸਰਕਾਰ ਨੂੰ ਬਚਾਈ ਰੱਖਣ।

ਕਾਲੀ ਸੂਚੀ ਦੇ ਖਾਤਮੇ ਲਈ...

ਸਫ਼ਾ 1 ਦੀ ਬਾਕੀ

ਕਿਹਾ ਕਿ ਕਾਲੀ ਸੂਚੀ ’ਚ ਸ਼ਾਮਿਲ ਸਿੱਖਾਂ ਦੀ ਵਤਨ ਵਾਪਸੀ ਸੰਬੰਧੀ ਕੇਂਦਰੀ ਮੰਤਰੀ ਸ੍ਰੀ ਪੀ.ਚਿੰਦਬਰਮ ਦੇ ਬਿਆਨ ਤੋਂ ਕੁਝ ਆਸ ਬੱਝੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਪੰਥ ਵਿਚ ਸ਼ੰਕੇ ਪੈਦਾ ਕਰਨ ਦੇ ਯਤਨ ’ਚ ਹਨ ਜਿਨ੍ਹਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਅੰਤਰਰਾਸ਼ਟਰੀ ਸਿੱਖ ਮਿਸ਼ਨਰੀ ਬਲਵੀਰ ਸਿੰਘ ਚੰਗਿਆੜਾ, ਚੂਹੜ ਸਿੰਘ ਧਮਾਈ, ਹਜ਼ੂਰਾ ਸਿੰਘ ਪੈਲੀ, ਗੁਰਲਾਲ ਸਿੰਘ ਸੰਧੂ, ਬਖਸ਼ੀਸ਼ ਸਿੰਘ ਫਤਹਿਪੁਰ ਕਲਾਂ ਤੇ ਹੋਰ ਹਾਜ਼ਰ ਸਨ।

ਕਾਲੀਆ ਵੱਲੋਂ ਜਲੰਧਰ ’ਚ...

ਸਫ਼ਾ 1 ਦੀ ਬਾਕੀ

ਬੀ. ਕੇ. ਗੁਪਤਾ ਜੀ, ਐਸ. ਡੀ. ਐਮ. ਏ. ਕੇ. ਪ੍ਰਭਾਕਰ, ਪੁਲਿਸ ਕਮਿਸ਼ਨਰ ਸ੍ਰੀ ਗੌਰਵ ਯਾਦਵ, ਐਸ. ਪੀ. ਸਿੱਟੀ ਏ. ਕੇ. ਕਾਲੀਆ ਡੀ. ਐਸ. ਪੀ. ਗਗਨਜੀਤ ਸਿੰਘ ਅਤੇ ਹੋਰ ਮਹਿਕਮਿਆਂ ਦੇ ਅਫ਼ਸਰ ਹਾਜਰ ਸਨ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਾਜਰ ਹੋਏ ਅਤੇ ਉਨ੍ਹਾਂ ਵਾਸਤੇ ਵਿਧਵਾ ਅਤੇ ਬੁਢਾਪਾ ਪੈਨਸ਼ਨਾਂ, ਰਾਸ਼ਨ ਕਾਰਡ ਅਤੇ ਡਰਾਇਵਿੰਗ ਲਾਇਸੈਂਸ ਬਣਾਉਣ ਦਾ ਕੰਮ ਕੀਤਾ ਗਿਆ। ਸੀ. ਟੀ. ਪੀ. ਓ. ਈਸਟ ਅਮਰੀਕਾ ਸਿੰਘ ਵੱਲੋਂ ਸਮੇਤ ਸਟਾਫ ਵਿਧਵਾ ਅਤੇ ਬੁਢਾਪਾ ਪੈਨਸ਼ਨਾਂ ਦੇ ਲਗਭਗ 260 ਦੇ ਕਰੀਬ ਫਾਰਮ ਭਰੇ, ਡੀ. ਐਫ. ਐਸ. ਸੀ. ਕੁਸ਼ਮਲਤਾ, ਏ. ਐਫ. ਐਸ. ਸੰਪਤ ਰਾਏ, ਇੰਸਪੈਕਟਰ ਸੁਰਿੰਦਰ ਨਾਗੀ, ਇੰਸਪੈਕਟਰ, ਸੁਖਪਾਲ ਮਹਾਜਨ, ਸੰਦੇਸ਼ ਕੁਮਾਰੀ ਅਤੇ ਸੁਨੀਤਾ ਫੂਡ ਸਪਲਾਈ ਮਹਿਕਮੇ ਵੱਲੋਂ 270 ਦੇ ਕਰੀਬ ਰਾਸ਼ਨ ਕਾਰਡ ਤੇ ਡੀ. ਟੀ. ਓ. ਦਫ਼ਤਰ ਜਲੰਧਰ ਦੇ ਮੁਲਾਜ਼ਮਾਂ ਵੱਲੋਂ ਵੀ ਲਗਭਗ 250 ਦੇ ਕਰੀਬ ਡਰਾਇਵਿੰਗ ਲਾਇਸੈਂਸ ਬਣਾਉਣ ਦੇ ਫਾਰਮ ਭਰੇ ਗਏ। ਇਸ ਮੌਕੇ ਬਿਜਲੀ ਬੋਰਡ ਦੇ ਚੀਫ਼ ਇੰਜੀਨੀਅਰ ਵੀ. ਕੇ. ਸ਼ਰਮਾ ਐਮ.ਈ. ਐਨ. ਕੇ. ਗਾਂਧੀ, ਐਕਸੀਅਨ ਕੈਂਟ ਕਸ਼ਮੀਰ ਸਿੰਘ, ਐਕਸੀਅਨ ਵਾਈ ਪੀ. ਐਸ. ਬਾਠ ਵੱਲੋਂ ਮੰਤਰੀ ਸਾਹਿਬ ਦੀ ਹਾਜਰੀ ਵਿੱਚ ਲੋਕਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਲਈ ਕਿਹਾ ਗਿਆ।

ਖਾੜਕੂਵਾਦ ਨਾਲ ਸਬੰਧਿਤ...

ਸਫ਼ਾ 1 ਦੀ ਬਾਕੀ

ਗਰੇਵਾਲ ਨੇ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿੰਦਬਰਮ ਵੱਲੋ ਖਾੜਕੂਵਾਦ ਨਾਲ ਸਬੰਧਿਤ ਰਹੇ ਸਿੱਖਾਂ ਨੂੰ ਆਮ-ਮੁਆਫੀ ਸਬੰਧੀ ਦਿੱਤੇ ਗਏ ਬਿਆਨਾਂ ਤੋ ਬਾਅਦ ਮੀਡੀਏ ’ਚ ਉਨ੍ਹਾਂ ਸਿੱਖਾਂ ਨੂੰ ਗੁੰਮਰਾਹ ਤੇ ਭਟਕੇ ਹੋਏ ਬਿਆਨੇ ਜਾਣ ਤੇ ਪ੍ਰਗਟਾਈ ਹੈ। ਭਾਈ ਗਰੇਵਾਲ ਨੇ ਇੱਕ ਲਿੱਖਤੀ ਪ੍ਰੈਸ-ਨੋਟ ’ਚ ਆਖਿਆ ਹੈ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਜਦੋ ਇਸ ਕੌਮ ਨੂੰ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਹੈ ਤਾਂ ਅਣਖ ਤੇ ਜ਼ਮੀਰ ਵਾਲੇ ਸਿੱਖ ਨੌਜਵਾਨਾਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਆਖਿਆ ਕਿ ਜਿਸ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸਿੱਖਾਂ ਨੇ 95 ਫ਼ੀਸਦੀ ਕੁਰਬਾਨੀਆਂ ਦਿੱਤੀਆਂ, ਉਨ੍ਹਾਂ ਨੂੰ ਹੀ ਜੇ ਅਜ਼ਾਦ ਭਾਰਤ ’ਚ ਜਰਾਇਮ ਪੇਸ਼ਾ ਕੌਮ ਕਰਾਰ ਦੇ ਦਿੱਤਾ ਜਾਵੇ ਤਾ ਉਸ ਕੌਮ ਦੀ ਪੀੜਾਂ ਦਾ ਅਹਿਸਾਸ ਕਰਨਾ ਸੰਭਵ ਨਹੀ ਹੈ, ਉਨ੍ਹਾਂ ਆਖਿਆ ਕਿ ਸਿੱਖ ਕੌਮ , ਜ਼ਬਰ ਤੇ ਜੁ ਦਾ ਡਟਵਾ ਵਿਰੋਧ ਕਰਨ ਲਈ ਸਾਜੀ ਗਈ ਹੈ ਅਤੇ ਕੌਮੀ ਪ੍ਰਣਨਿਆ ਨੇ ਉਸ ਸੋਚ ਤੇ ਹੀ ਪਹਿਰਾ ਦਿੱਤਾ ਸੀ। ਉਨ੍ਹਾਂ ਦੇਸ਼ ਦੇ ਗ੍ਰਹਿ ਮੰਤਰੀ ਵੱਲੋਂ ਸਿੱਖ ਦੀ ਕਾਲੀ ਸੂਚੀ ਸਬੰਧੀ ਦਿੱਤੇ ਹਾਂ-ਪੱਖੀ ਬਿਆਨ ਦਾ ਸੁਆਗਤ ਕਰਦਿਆਂ, ਆਖਿਆ ਕਿ ਕੇਂਦਰੀ ਸਰਦਾਰ ਨੂੰ ਇਸ ਸਬੰਧੀ ਸੱਚੇ ਮਨੋ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਿਰਫ ਕਾਲੀ ਸੂਚੀ ਹੀ ਨਹੀ ਸਗੋ ਜੇਲ੍ਹਾਂ ’ਚ ਬੰਦ ਨਜ਼ਰਬੰਦ ਸਿੱਖ ਨੌਜਵਾਨਾਂ ਦੀ ਆਪ ਰਿਹਾਈ ਦਾ ਐਲਾਨ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਅੱਜ ਵੀ ਸਿੱਖ ਦੇਸ਼ ਦੇ ਅਨਾਜ ਭੰਡਾਰ ਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ’ਚ ਸਭ ਤੋ ਵੱਡਾ ਯੋਗਦਾਨ ਪਾ ਰਹੇ ਹਨ, ਇਸ ਲਈ ਸਿੱਖਾਂ ਨੂੰ ਗੁੰਮਰਾਹ ਜਾਂ ਭਟਕੇ ਹੋਏ ਕਹਿਣ ਤੋ ਪਹਿਲਾਂ, ਉਨ੍ਹਾਂ ਦੀ ਦੇਸ਼ ਨੂੰ ਦੇਣ ਤੇ ਵਿਚਾਰ ਜ਼ਰੂਰ ਕਰ ਲੈਣਾ ਚਾਹੀਦਾ ਹੈ।

ਕਬੱਡੀ ਦਾ ਮਹਾਂਕੁੰਭ ਤੇ ਬੱਬੂ ਮਾਨ...

ਸਫ਼ਾ 1 ਦੀ ਬਾਕੀ

ਬੱਲੀ ਨੇ ਦੱਸਿਆ ਕਿ ਸੁੱਖੀ ਲੱਖਣ ਦੇ ਪੱਡੇ ਨੂੰ ਇਨੋਵਾ ਗੱਡੀ ਨਾਲ ਗੁਰਦਿਆਲ ਸਿੰਘ ਪੱਡਾ, ਧੀਰ ਨਿੱਝਰ, ਤਜਿੰਦਰ ਨਿੱਝਰ, ਹਰਜੀਤ ਸਿੰਘ ਪੁਰੇਵਾਲ, ਪਾਲਾ ਕੈਨੇਡਾ, ਬਾਂਕਾ ਮਨਸੂਰਵਾਲ, ਗੁਰਮੀਤ ਦਿੱਲੀ, ਦੇਬੀ ਦੁਬਈ, ਜੈਸ ਕੈਨੇਡਾ, ਸੋਨੂੰ ਮੇਜਰ ਹਾਲੈਂਡ, ਸਾਬੀ, ਬਲਜੀਦ ਸਿੰਘ ਵਿਰਕ, ਬਾਪੂ ਮਾਨ ਸਿੰਘ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਾਣਾ ਰਾਮਪੁਰ ਨੂੰ ਸਕਾਰਪੀਓ ਗੱਡੀ ਨਾਲ ਤਜਿੰਦਰ ਨਿੱਝਰ, ਗੁਰਮੀਤ ਦਿੱਲੀ, ਜੰਗ ਸਪੋਰਟਸ ਕਲੱਬ ਕੈਨੇਡਾ, ਲਾਡੀ ਲੱਲੀਆ ਯੂ. ਕੇ., ਧੀਰ ਨਿੱਝਰ ਯੂ. ਐੱਸ. ਏ. ਪ੍ਰਧੀਪ ਯੂ. ਐੱਸ. ਏ., ਸੁਖਜੀਵਨ ਲਾਧੜਾ, ਗੋਲਡੀ ਤੇ ਮਨਦੀਪ ਲਾਲੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਪ੍ਰਧਾਨ ਨਿੱਝਰ ਤੇ ਸੁਖਵਿੰਦਰ ਸਿੰਘ ਨੇਕੀ ਨੇ ਦੱਸਿਆ ਕਿ 23 ਫਰਵਰੀ ਨੂੰ ਕਪੂਰਥਲਾ ਦੇ ਸਟੇਡੀਅਮ ਵਿੱਚ ਬੱਬੂ ਮਾਨ ਦਾ ਖੁੱਲ੍ਹਾ ਆਖਾੜਾ ਦੇਖਣ ਵਾਲਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨਾਰਵੇ ਕਬੱਡੀ ਟੀਮ ਦੇ ਖਿਡਾਰੀ ਸਿਕੰਦਰ ਕਾਂਜਲੀ, ਅਮਨ ਪੱਤੜ, ਕਾਲੂ ਕਾਲਾ ਸੰਘਿਆ, ਤਾਊ ਤੋਗਾ ਵਾਲਾ ਤੇ ਜੱਗਾ ਫਿਆਲੀ ਨੂੰ ਬੁਲਟ ਮੋਟਰਸਾਇਕਲਾਂ ਨਾਲ ਨਿਵਾਜਿਆ ਜਾਵੇਗਾ। ਪ੍ਰਧਾਨ ਨਿੱਝਰ ਨੇ ਦੱਸਿਆ ਕਿ ਬਾਪੂ ਮਾਨ ਸਿੰਘ ਦੁਬਈ ਵਾਲੇ ਤੇ ਚਰਨਜੀਤ ਸਿੰਘ ਮਸਿਆਣਾ ਕੋਟ ਕਰਾਰ ਖਾਂ ਵਾਲੇ ਟੀਮਾਂ ਨੂੰ 1 ਲੱਖ 60 ਹਜ਼ਾਰ ਰੁਪਏ ਦੇਣਗੇ। ਇਸ ਮੌਕੇ ਬਲਜੀਤ ਸਿੰਘ ਪੱਡਾ, ਮੁਖਤਿਆਰ ਸਿੰਘ ਪੱਡਾ, ਬਲਜੀਤ ਸਿੰਘ ਵਿਰਕ, ਬਾਂਕਾ ਮਨਸੂਰਵਾਲ, ਪਿੱਤਾ ਵਡਾਲਾ, ਕਾਲਾ ਖਾਨੋਵਾਲ, ਜੱਸਾ ਭੰਡਾਰ, ਜਸਵੀਰ ਸਿੰਘ ਮੰਗੀ, ਰੂਬੀ ਟਿੱਬਾ ਟੀਮ ਕੋਚ, ਦੇਵ ਖੇੜਾ, ਰਾਜ ਕੁਮਾਰ ਸਲਾਂ, ਸੰਤੋਖ ਸਿੰਘ ਸਫਰੀ ਆਦਿ ਹਾਜਰ ਸਨ।

...ਤੇ ਪੰਜਾਬ ਸਰਕਾਰ ਹੁਣ ਸਰਗਰਮੀ...

ਸਫ਼ਾ 1 ਦੀ ਬਾਕੀ

ਕਰਨ ਵਿੱਚ ਕਈ ਰੁਕਾਵਟਾਂ ਪੇਸ਼ ਆ ਸਕਦੀਆਂ ਹਨ। ਜਿੰਨਾ ਚਿਰ ਕੇਂਦਰ ਸਰਕਾਰ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਖੁੱਲ੍ਹਦਿਲੀ ਨਹੀਂ ਦਿਖਾਉਂਦੀ ਉਨਾ ਚਿਰ ਕਈ ਸੀਨੀਅਰ ਸਿੱਖ ਆਗੂਆਂ ਦੀ ਭਾਰਤ ਵਾਪਸੀ ਸੰਭਵ ਨਹੀਂ ਹੈ। ਪ੍ਰੰਤੂ ਜੋ ਸਧਾਰਨ ਕੇਸਾਂ ਵਿੱਚ ਅਤੇ ਉਸ ਮੌਕੇ ਦੇ ਪੰਜਾਬ ਪੁਲਿਸ ਦੇ ਅੰਨ੍ਹੇ ਜ਼ਬਰ ਅਤੇ ਤਸ਼ੱਦਦ ਤੋਂ ਦੁਖੀ ਹੋ ਕੇ ਸਿੱਖ ਨੌਜਵਾਨ ਵਿਦੇਸ਼ਾਂ ਵਿੱਚ ਗਏ ਸਨ, ਉਨ੍ਹਾਂ ਦੀ ਘਰ ਵਾਪਸੀ ਲਈ ਰਸਤਾ ਛੇਤੀ ਖੁੱਲ੍ਹ ਸਕਦਾ ਹੈ। ਇਸ ਮਾਮਲੇ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੇ ਪੰਜਾਬ ਸਰਕਾਰ ਨੂੰ ਜੋ ਵਿਸਥਾਰਤ ਰਿਪੋਰਟ ਭੇਜਣ ਲਈ ਕਿਹਾ ਹੈ ਉਸ ਨਾਲ ਪੰਜਾਬ ਸਰਕਾਰ ਦੀ ਜ਼ੁੰਮੇਵਾਰੀ ਵੀ ਵੱਧ ਗਈ ਹੈ। ਸ੍ਰੀ ਚਿੰਦਬਰਮ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਸ਼ਮੀਰੀ ਖਾੜਕੂਆਂ ਦੇ ਨਾਲ-ਨਾਲ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਵੀ ਘਰ ਆਉਣ ਦੇ ਰਾਹ ਵਿੱਚ ਆਉਣ ਵਾਲੀਆਂ ਕਾਨੂੰਨੀ ਅੜਚਨਾਂ ਨੂੰ ਦੂਰ ਕਰਨ ਦੀ ਕੀਤੀ ਅਪੀਲ ਦੇ ਪ੍ਰਤੀਕਰਮ ਸਿੰਘ ਤੁਰੰਤ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਸਾਰੇ ਸਿੱਖ ਨੌਜਵਾਨਾਂ ਦੀ ਵਿਸਥਾਰਤ ਰਿਪੋਰਟ ਬਣਾ ਕੇ ਕੇਂਦਰ ਨੂੰ ਭੇਜੇ ਜਿਨ੍ਹਾਂ ਦੇ ਨਾਂਅ ਕਾਲੀ ਸੂਚੀ ਵਿੱਚ ਪਾਏ ਗਏ ਹਨ ਅਤੇ ਜੋ ਸਿੱਖ ਨੌਜਵਾਨ ਸਰਕਾਰੀ ਜ਼ਬਰ ਤੋਂ ਤੰਗ ਆ ਕੇ ਵਿਦੇਸ਼ਾਂ ਵਿੱਚ ਜਾ ਬੈਠੇ ਹਨ। ਕੇਂਦਰ ਦੇ ਇਸ ਫੈਸਲੇ ਨਾਲ ਉਨ੍ਹਾਂ ਹਜ਼ਾਰਾਂ ਸਿੱਖ ਨੌਜਵਾਨਾਂ ਲਈ ਆਪਣੇ ਵਿਛੜੇ ਮਾਂ ਬਾਪ ਅਤੇ ਭੈਣ-ਭਰਾਵਾਂ ਨੂੰ ਮਿਲਣ ਦੀ ਆਸ ਮੁੜ ਬਣੀ ਹੈ, ਜੋ ਭਾਰਤ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਕਾਰਨ ਪੰਜਾਬ ਨਹੀਂ ਆ ਸਕਦੇ ਸਨ। ਹੁਣ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਵੱਧ ਗਈ ਹੈ ਕਿ ਉਹ ਕਿਹੜੇ ਮਾਪਦੰਡਾਂ ਨਾਲ ਇਹ ਸੂਚੀ ਤਿਆਰ ਕਰਦੀ ਹੈ ਅਤੇ ਇਸ ਕੇਸ ਨੂੰ ਕਿੰਨੇ ਸਮੇਂ ਵਿੱਚ ਕੇਂਦਰ ਅੱਗੇ ਪੇਸ਼ ਕਰਕੇ ਇਹ ਨੀਤੀ ਲਾਗੂ ਕਰਾਉਣ ਵਿੱਚ ਸਫ਼ਲ ਹੁੰਦੀ ਹੈ। ਇਸੇ ਦੌਰਾਨ ਕੁਝ ਸਿੱਖ ਜਥੇਬੰਦੀਆਂ ਨੇ ਕੇਂਦਰੀ ਗਹਿ ਮੰਤਰੀ ਪੀ. ਚਿੰਦਬਰਮ ਵੱਲੋਂ ਸਿੱਖ ਖਾੜਕੂਆਂ ’ਤੇ ਆਤਮ ਸਮਰਪਣ ਲਈ ਆਜ਼ਾਦ ਸਿੱਖ ਰਾਜ ਦੀ ਮੰਗ ਛੱਡਣ ਦੀ ਲਗਾਈ ਸ਼ਰਤ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਹਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਅਤੇ ਜੇ ਸਿੱਖਾਂ ਨੂੰ ਲੱਗਦਾ ਹੈ ਕਿ ਭਾਰਤ ਵਿੱਚ ਉਨ੍ਹਾਂ ਦੇ ਪੂਰਾ ਹੱਕ ਨਹੀਂ ਮਿਲ ਰਹੇ ਤਾਂ ਇਸ ਲਈ ਆਪਣੇ ਵੱਖਰੇ ਘਰ ਦੀ ਮੰਗ ਕਰਨਾ ਕੋਈ ਗੁਨਾਹ ਨਹੀਂ ਹੈ।

ਸੰਤ ਹਰਪਾਲ ਸਿੰਘ ਜੀ ਸੇਵਾ ਪੰਥੀ...

ਸਫ਼ਾ 1 ਦੀ ਬਾਕੀ

ਮਹੰਤ ਸੁੱਖ ਰਾਮ ਜੀ ਕਲਾਂਨੌਰ, ਸੰਤ ਹਰਪਾਲ ਦਾਸ, ਸੰਤ ਪ੍ਰੀਤਮ ਸਿੰਘ ਸਿਰਸਾ ਵਾਲੇ, ਸੰਤ ਹਰਵਿੰਦਰ ਸਿੰਘ ਟੀਟੂ ਦਿੱਲੀ, ਸੰਤ ਅਜੀਤ ਸਿੰਘ ਹੁਸ਼ਿਆਰਪੁਰ, ਸੰਤ ਬਲਵਿੰਦਰ ਸਿੰਘ ਰਿਵਾੜੀ, ਸੰਤ ਜਗਦੇਵ ਸਿੰਘ ਰਿਵਾੜੀ, ਸੰਤ ਸੁਰਿੰਦਰ ਸਿੰਘ ਪਟਿਆਲਾ, ਸੰਤ ਧਰਮ ਸਿੰਘ ਮਲੋਟ, ਜੋਗਿੰਦਰ ਸਿੰਘ ਸਾਗਰ, ਰਜਿੰਦਰ ਸਿੰਘ ਮੱਕੜ ਤੋਂ ਇਲਾਵਾ ਹੋਰ ਅਨੇਕਾਂ ਪੰਥਕ ਸਖਸ਼ੀਅਤਾਂ ਨੇ ਇਸ ਗੁਰੂ ਘਰ ਦੇ ਕੀਰਤਨੀਏ ਮਹਾਨ ਤਿਆਗੀ ਵਿਛੜੀ ਆਤਮਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਵਿਸ਼ਾਲ ਕੀਰਤਨ ਦਰਬਾਰ ਦੌਰਾਨ ਭਾਈ ਅਜੀਤ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਜਗਦੇਵ ਸਿੰਘ, ਭਾਈ ਜਸਕਰਨ ਸਿੰਘ, ਭਾਈ ਸਤਨਾਮ ਸਿੰਘ, ਮਹੰਤ ਸੁਰਿੰਦਰ ਸਿੰਘ ਅੰਮ੍ਰਿਤਸਰ ਅਤੇ ਭਾਈ ਮਨਮੋਹਨ ਸਿੰਘ ਪਾਣੀਪਤ ਆਦਿ ਨੇ ਗੁਰਬਾਣੀ ਕੀਰਤਨ ਕੀਤਾ। ਇਸ ਤੋਂ ਪਹਿਲਾਂ 20 ਫਰਵਰੀ ਦੀ ਰਾਤ ਨੂੰ ਭਾਈ ਕਾਰਜ ਸਿੰਘ ਦੇ ਜੱਥੇ ਨੇ ਗੁਰਬਾਣੀ ਕੀਰਤਨ ਕੀਤਾ। ਸੰਤ ਹਰਪਾਲ ਸਿੰਘ ਜੀ ਸੇਵਾ ਪੰਥੀ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਸਮੂਹ ਸਖਸ਼ੀਅਤਾਂ ਨੇ ਉਨ੍ਹਾਂ ਦੀ ਸਿੱਖੀ ਵਿੱਚ ਪ੍ਰਪੱਕ ਰਹਿਣ ਅਤੇ ਸੰਗਤ ਦੀ ਸੇਵਾ ਲਈ ਕੀਤੇ ਕਾਰਜਾਂ ਦੀ ਭਰਵੀਂ ਸ਼ਲਾਘਾ ਕੀਤੀ। ਸਮੂਹ ਬੁਲਾਰਿਆਂ ਨੇ ਕਿਹਾ ਕਿ ਅਜਿਹੀ ਦਰਵੇਸ਼ ਆਤਮਾ ਦੇ ਜੀਵਨ ਤੋਂ ਸਾਨੂੰ ਸਿੱਖਿਆ ਲੈ ਕੇ ਆਪਣਾ ਜੀਵਨ ਸਵਾਰਨਾ ਚਾਹੀਦਾ ਹੈ। ਸਟੇਜ ਦੀ ਸੇਵਾ ਸੰਤ ਹਰਵਿੰਦਰ ਸਿੰਘ ਟੀਟੂ ਦਿੱਲੀ ਨੇ ਨਿਭਾਈ। ਮਹੰਤ ਕਾਹਨ ਸਿੰਘ ਜੀ ਨੇ ਕਿਹਾ ਕਿ ਸੰਤ ਹਰਪਾਲ ਸਿੰਘ ਜੀ ਦੀ ਯਾਦ ਵਿੱਚ ਖੂਬਸੂਰਤ ਕਮਰਾ ਤਿਆਰ ਕਰਵਾਇਆ ਜਾਵੇਗਾ। ਸੰਤ ਹਰਪਾਲ ਸਿੰਘ ਦੇ ਵੱਡੇ ਭਰਾ ਸ. ਹਰਨਾਮ ਸਿੰਘ ਨੇ ਕਮਰੇ ਲਈ 1 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਹੋਰ ਵੀ ਅਨੇਕਾਂ ਸੰਗਤਾਂ ਨੇ 21-21, 11-11 ਹਜ਼ਾਰ ਦੇਣ ਦਾ ਐਲਾਨ ਕੀਤਾ। ਯੂਨਾਈਟਿਡ ਵੈਲਫੇਅਰ ਸੁਸਾਇਟੀ ਗੋਨਿਆਣਾ ਮੰਡੀ ਵੱਲੋਂ ਵਿਛੜੀ ਆਤਮਾ ਦੀ ਯਾਦ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਮਹੰਤ ਸੁਰਿੰਦਰ ਸਿੰਘ ਸੇਵਾ ਪੰਥੀ ਅੰਮ੍ਰਿਤਸਰ ਨੇ ਅਰਦਾਸ ਉਪਰੰਤ ਕੀਤਾ। ਮਹੰਤ ਸੁਰਿੰਦਰ ਸਿੰਘ ਅਤੇ ਸੰਤ ਜਗਜੀਤ ਸਿੰਘ ਨੇ ਖੂਨਦਾਨੀਆਂ ਨੂੰ ਬੈਚ ਲਾਏ ਅਤੇ 50 ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਸ਼ਰਧਾਂਜਲੀ ਸਮਾਰੋਹ ਦੌਰਾਨ ਵੱਖ-ਵੱਖ ਪੰਥਕ ਸਖਸ਼ੀਅਤਾਂ ਵੱਲੋਂ ਅਤੇ ਜਥੇਬੰਦੀਆ ਵੱਲੋਂ ਸ਼ੋਕ ਸੰਦੇਸ਼ ਭੇਜ ਕੇ ਸੰਤ ਹਰਪਾਲ ਸਿੰਘ ਸੇਵਾ ਪੰਥੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਹੋਰਾਂ ਨੇ ਬੀਤੇ ਦਿਨ ਖੁਦ ਟਿਕਾਣਾ ਸਾਹਿਬ ਆ ਕੇ ਸੰਤਾਂ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਤਾਬਦੀ ਸਮਾਗਮ...

ਸਫ਼ਾ 1 ਦੀ ਬਾਕੀ

ਇਸ ਸ਼ਤਾਬਦੀ ਨੂੰ ਸਮਰਪਿਤ ਹੋ ਕਿ ਲੋਹਗੜ੍ਹ ’ਚ 10 ਏਕੜ ’ਚ ਯਾਦਗਾਰੀ ਕਿਲਾਂ ਉਸਾਰਿਆ ਜਾਵੇਗਾ ਅਤੇ ਸਰਹੰਦ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਮਿਊਜ਼ਿਅਮ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਉਸਾਰਿਆ ਜਾਵੇਗਾ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵਲੋਂ ਖਾਲਸਾਈ ਮੋਹਰਾਂ ਵਾਲੇ ਸੋਨੇ ਚਾਂਦੀ ਦੇ ਸਿੱਕੇ ਵੀ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੁਖ ਮੰਤਰੀ ਪੰਜਾਬ ਸ. ਪਰਕਾਸ਼ ਸਿੰਘ ਬਾਦਲ ਨੇ ਵੀ ਪਹਿਲਾ ਹੀ ਕੇਂਦਰ ਸਰਕਾਰ ਤੋਂ ਇਸ ਸ਼ਤਾਬਦੀ ਸੰਬੰਧੀ ਡਾਕ ਟਿਕਟ ਜਾਰੀ ਕਰਨ ਲਈ ਕਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਵੀ ਮੰਗ ਕਰਦੀ ਹੈ ਕਿ ਇਸ ਸ਼ਤਾਬਦੀ ਸੰਬੰਧੀ ਡਾਕ ਟਿਕਟ ਅਤੇ ਪੰਜ ਅਤੇ ਦੱਸ ਰੁਪਏ ਦੇ ਯਾਦਗਾਰੀ ਸਿੱਕੇ ਵੀ ਜਾਰੀ ਕੀਤੇ ਜਾਣ। ਉਨ੍ਹਾਂ ਦਸਿਆ ਕਿ ਇਸ ਸ਼ਤਾਬਦੀ ਸੰਬੰਧੀ ਤਿੰਨ ਚੇਤਨਾ ਮਾਰਚ ਵੀ ਕੱਢੇ ਜਾਣਗੇ ਜਿਸ ਵਿਚ ਪਹਿਲਾ ਚੇਤਨਾ ਮਾਰਚ 30 ਮਾਰਚ ਨੂੰ ਨਾਂਦੇੜ ਤੋਂ ਚੱਲੇਗਾਂ ਜਿਸ ਵਿਚ ਪੰਜਾਂ ਤਖਤਾਂ ਦੇ ਜਥੇਦਾਰ ਸਾਹਿਬਾਨ ਅਤੇ ਪੰਥ ਦੀਆਂ ਸਿਰਮੌਰ ਧਾਰਮਿਕ ਜਥੇਬੰਦੀਆਂ ਸ਼ਾਮਲ ਹੋਣਗੀਆਂ। ਦੂਸਰਾ ਚੇਤਨਾ ਮਾਰਚ ਬੰਦਾ ਬਹਾਦਰ ਦੇ ਜਨਮ ਅਸਥਾਨ ਰਾਜੌਰੀ ਤੋਂ ਅਤੇ ਤੀਸਰਾ ਮਾਰਚ ਬੰਦਾ ਬਹਾਦਰ ਦੇ ਸ਼ਹੀਦੀ ਅਸਥਾਨ ਮਹਰੌਲੀ (ਦਿੱਲੀ) ਤੋਂ ਚੱਲੇਗਾ ਇਹ ਤਿਨੋਂ ਚੇਤਨਾ ਮਾਰਚ ਡੇਢ ਮਹੀਨੇ ਦਾ ਸਫਰ ਤੈਅ ਕਰਕੇ ਚੱਪੜਚਿੜੀ ਵਿਖੇ ਇਕਠੇ ਹੋ ਕਿ 15 ਮਈ ਨੂੰ ਖ਼ਾਲਸਾ ਫੋਜ ਦਾ ਦ੍ਰਿਸ਼ ਪੇਸ਼ ਕਰਦੇ ਹੋਏ ਖਾਲਸਾਈ ਮਾਰਸ਼ਲ ਧੁੰਨਾਂ ਤੇ ਅੱਗੇ ਵੱਧਣਗੇ। ਇਸ ਤੋਂ ਇਲਾਵਾ ਇਨ੍ਹਾਂ ਤਿਨਾਂ ਮਹਤਵਪੂਰਨ ਇਤਿਹਾਸਕ ਅਸਥਾਨਾ ਤੋਂ ਡਾਕਿਓਮੈਂਟਰੀ ਵੀ ਤਿਆਰ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ 23 ਅਪ੍ਰੈਲ ਨੂੰ ਦਿੱਲੀ ’ਚ ਇਕ ਪੰਥਕ ਸੈਮੀਨਾਰ ਅਤੇ 24 ਅਪ੍ਰੈਲ ਨੂੰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਿਰੋਲ ਧਾਰਮਿਕ ਸਮਾਗਮ ਲਈ ਦਿਲੀ ਸਿੱਖ ਗੁ:ਪ੍ਰ; ਕਮੇਟੀ ਨੂੰ ਅਤੇ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੂੰ ਅਪੀਲ ਕੀਤੀ ਜਾਵੇਗੀ ਕਿ ਦਿੱਲੀ ਦੀ ਸੰਗਤਾਂ ਦੀ ਭਾਵਨਾਵਾ ਨੂੰ ਸਮਝਦੇ ਹੋਏ ਉਕਤ ਪੰਥਕ ਸ਼ਤਾਬਦੀ ਸਮਾਗਮਾਂ ਲਈ ਲੱਖੀ ਸ਼ਾਹ ਵਣਜਾਰਾ ਹਾਲ (ਗੁ: ਰਕਾਬ ਗੰਜ ਸਾਹਿਬ) ਮੁਹਈਆ ਕਰਵਾਇਆ ਜਾਵੇ।

ਉਨ੍ਹਾਂ ਕਿਹਾ ਕਿ ਜੇ ਲੱਖੀ ਸ਼ਾਹ ਵਣਜਾਰਾ ਹਾਲ ਮੁਹਈਆ ਨਹੀ ਕਰਵਾਇਆ ਜਾਵੇਗਾ ਤਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਿੱਲੀ ’ਚ ਕਿਸੇ ਹੋਰ ਜਗ੍ਹਾਂ ਤੇ ਇਹ ਸਮਾਗਮ ਆਯੋਜਿਤ ਕਰੇਗੀ। ਇਸ ਮੌਕੇ ਸ. ਮਨਜੀਤ ਸਿੰਘ ਜੀ.ਕੇ, ਸ. ਕੁਲਦੀਪ ਸਿੰਘ ਭੋਗਲ, ਸ. ਉਂਕਾਰ ਸਿੰਘ ਥਾਪਰ, ਸ. ਮਨਜਿੰਦਰ ਸਿੰਘ ਸਿਰਸਾ, ਸ. ਪਰਮਜੀਤ ਸਿੰਘ ਚੰਡੋਕ, ਸ. ਤਮਿੰਦਰ ਸਿੰਘ ਮੀਡੀਆ ਸਲਾਹਕਾਰ, ਸ. ਅਜੀਤ ਸਿੰਘ, ਸ. ਭਰਪੂਰ ਸਿੰਘ ਵੀ ਹਾਜ਼ਰ ਸਨ।